## ਨਿਯੂਕਮਰ ਰਿਸੈਪਸ਼ਨ ਸੈਂਟਰ ਕੀ ਹੈ ?

- ਨਿਯੂਕਮਰ ਰਿਸੈਪਸ਼ਨ ਸੈਂਟਰ ਸਿਕੰਡਰੀ ਸਕੂਲ ਵਿੱਚ ਜਾਣ ਵਾਲੀ ਉਮਰ ਦੇ ਨਵੇਂ ਆਏ ਵਿਦਿਆਰਥੀਆਂ ਲਈ ਮੁਢਲੇ ਸਵਾਗਤ ਅਤੇ ਅੰਗਰੇਜੀ ਭਾਸ਼ਾ ਅਤੇ ਗਣਿਤ ਦੀਆਂ ਮਹਾਰਤਾਂ ਦੇ ਮੁਲਾਂਕਣ ਦਾ ਪ੍ਰਬੰਧ ਕਰਦੇ ਹਨ।ਇਹ ਮੁਲਾਂਕਣ ਸਥਾਨਕ ਸਿਕੰਡਰੀ ਸਕੂਲਾਂ ਨੂੰ ਨਵੇਂ ਵਿਦਿਆਰਥੀਆਂ ਨੂੰ ਉਚਿਤ ਹਾਈ ਸਕੂਲ ਕ੍ਰੇਡਿਟ ਪ੍ਰੋਗਰਾਮ ਵਿੱਚ ਪਾਉਣ ਵਿੱਚ ਸਹਾਇਤਾ ਕਰਨਗੇ।
- ਹਰੇਕ ਰਿਸੈਪਸ਼ਨ ਸੈਂਟਰ ਵਿੱਚ ਬਹੁਭਾਸ਼ੀ ਸਟਾਫ ਹੈ ਜੋ ਨਵੇਂ ਆਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਉਂਟਾਰਿਓ ਵਿਚਲੇ ਸਕੂਲੀ ਸਿਸਟਮ ਬਾਰੇ ਸਿੱਖਣ ਵਿੱਚ ਸਹਾਇਤਾ ਕਰ ਸਕਦੇ ਹਨ।
- ਨਵੇਂ ਆਏ ਪਰਵਾਰਾਂ ਕੋਲ ਸੈਟਲਮੈਂਟ ਵਰਕਰ ਨੂੰ ਮਿਲਣ ਦਾ ਮੌਕਾ ਵੀ ਹੈ ਜੋ ਕਿ ਘਰ ਲੱਭਣ,ਨੌਕਰੀ ਲੱਭਣ,ਉਂਟਾਰਿਓ ਵਿੱਚ ਸਿਹਤ ਸੰਬੰਧੀ ਸੇਵਾਵਾਂ ਤੱਕ ਪਹੁੰਚਣ ਅਤੇ ਕਈ ਤਰ੍ਹਾਂ ਦੀਆਂ ਸਹਾਰਾ ਦੇਣ ਵਾਲੀਆਂ ਏਜੰਸੀਆਂ ਨਾਲ ਜੁੜਨ ਵਰਗੇ ਵਿਸ਼ਿਆਂ ਬਾਰੇ ਜਾਣਕਾਰੀ ਦੇ ਸਕਦਾ/ਦੀ ਹੈ।

## ਮੁਲਾਂਕਣ ਕਰਵਾਉਣ ਦੀ ਲੋੜ ਕਿਸ ਨੂੰ ਹੈ?

ਆਪਣੇ ਸਥਾਨਕ ਸੈਕੰਡਰੀ ਸਕੂਲ ਵਿਖ ਪੰਜੀਕਰਨ ਤੋ ਪਹਲਿਾਂ, ਸੈਕੰਡਰੀ ਸਕੂਲ ਦੀ ਉਮਰ ਦੇ ਸਾਰੇ ਨਵੇ ਆਉਣ ਵਾਲੇ ਵਦਿਆਿਰਥੀਆਂ ਲਈ ਲਾਜ.ਮੀ ਹੈ ਕਿ ਉਹ TDSB ਦੇ ਦੋ ਨਉਿਕਮਰ ਰਸਿਪਸ਼ਨ ਸੈਂਟਰਾਂ ਵਚਿੋਂ ਕਸਿ ਇੱਕ ਵਖਿ ਆਪਣੇ ਅੰਗਰੇਜ.ੀ ਭਾਸ਼ਾ ਅਤੇ ਗਣਤਿ ਦੇ ਹੁਨਰਾਂ ਦਾ ਮੁਲਾਂਕਣ ਕਰਵਾਉਣ।



## ਜਦੋਂ ਤਸੀਂ ਸੈਂਟਰ ਵਿੱਚ ਹੰਦੇ ਹੋ ਤਾਂ ਕੀ ਹੰਦਾ ਹੈ?

- ਵਿਦਿਆਰਥੀ ਨਿਯੂਕਮਰ ਰਿਸੈਪਸ਼ਨ ਸੈਂਟਰ ਦੇ ਅਧਿਆਪਕਾਂ ਦੇ ਨਾਲ ਵੱਖ ਵੱਖ ਮੁਲਾਂਕਣ ਗਤੀਵਿਧੀਆਂ ਕਰਦੇ ਹੋਏ ਇੱਕ ਪੂਰਾ ਦਿਨ ਸੈਂਟਰ ਵਿੱਚ ਬਿਤਾਉਂਦੇ ਹਨ।ਮਾਪਿਆਂ/ਗਾਰਡੀਅਨਜ ਨੂੰ ਵਿਦਿਆਰਥੀਆਂ ਦੇ ਨਾਲ ਅਪਾਇੰਟਮੈਂਟ ਵਾਸਤੇ ਆਉਣ ਅਤੇ ਦਿਨ ਦੇ ਅੰਤ ਉੱਤੇ ਅਧਿਆਪਕਾਂ ਦੇ ਨਾਲ ਵਿਦਿਆਰਥੀ ਦੇ ਮੁਲਾਂਕਣ ਬਾਰੇ ਚਰਚਾ ਕਰਨ ਲਈ ਵਾਪਸ ਆਉਣ ਵਾਸਤੇ ਉਤਸ਼ਾਹਤ ਕੀਤਾ ਜਾਂਦਾ ਹੈ। ਲੰਚ ਵਾਸਤੇ ਬ੍ਰੇਕ ਹੁੰਦੀ ਹੈ ਅਤੇ ਜੋਰਦਾਰ ਤਰੀਕੇ ਦੇ ਨਾਲ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਵਿਦਿਆਰਥੀ ਲੰਚ ਨਾਲ ਲੈਕੇ ਆਏ।







ਈ ਐਸ ਐਲ/ਈ ਐਲ ਡੀ ਸੰਬੰਧੀ ਸਹਾਇਤਾ
ਬਾਰੇ ਹੋਰ ਜਾਣਕਾਰੀ ਲਈ
ਕਿਰਪਾ ਕਰਕੇ ਟੀ ਡੀ ਐਸ ਬੀ ਦੀ
ਵੈੱਬਸਾਇਟ ਦੇਖੋ:

www.tdsb.on.ca

Punjabi

# ਟੀ ਡੀ ਐਸ ਬੀ ਨਿਯੂਕਮਰ ਰਿਸੈਪਸ਼ਨ ਸੈਂਟਰ



## ਨਵੇਂ ਆਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦਾ ਟੀ ਡੀ ਐਸ ਬੀ ਦੇ ਸਿਕੰਡਰੀ ਸਕੂਲਾਂ ਵਿੱਚ ਸਵਾਗਤ

Toronto District School Board

**www.tdsb.on.ca/newcomers**

## ਤੁਸੀਂ ਅਪੌਇੰਟਮੈਂਟ ਕਿਵੇਂ ਬੁੱਕ ਕਰ ਸਕਦੇ ਹੋ ?

- ਵਿਦਿਆਰਥੀ ਅਤੇ ਉਨ੍ਹਾਂ ਦੇ ਪਰਵਾਰਾਂ ਲਈ ਕਿਸੇ ਵੀ ਨਿਯੂਕਮਰ ਰਿਸੈਪਸ਼ਨ ਸੈਂਟਰ ਦੀ ਲੋਕੇਸ਼ਨ ਵਿੱਚ ਫੋਨ ਰਾਹੀਂ ਅਪੌਇੰਟਮੈਂਟ ਲੈਣਾ ਜਰੂਰੀ ਹੈ। ਮੁਲਾਂਕਣ ਕਰਵਾਉਣ ਦੀ ਲੋੜ ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਕਰਕੇ,ਫੌਰੀ ਮੁਲਾਂਕਣ ਲਈ ਬਿਨਾਂ ਅਪੌਇੰਟਮੈਂਟ ਆਉਣ ਵਾਲੀਆਂ ਬੇਨਤੀਆਂ ਨੂੰ ਪੂਰਾ ਕਰਨਾ ਸੰਭਵ ਨਹੀਂ ਹੈ।
- ਸਾਲ ਦੇ ਸਭ ਤੋਂ ਵਿਅਸਤ ਸਮੇਂ ਅਗਸਤ,ਸਿਤੰਬਰ ਅਤੇ ਜਨਵਰੀ ਹੁੰਦੇ ਹਨ। ਸਭ ਤੋਂ ਵਿਅਸਤ ਸਮਿਆਂ ਦੌਰਾਨ ਅਪੌਇੰਟਮੈਂਟ ਮਿਲਣ ਵਿੱਚ ਕਈ ਦਿਨਾਂ ਦਾ ਉਡੀਕ ਦਾ ਸਮਾਂ ਹੋ ਸਕਦਾ ਹੈ।

## ਤੁਹਾਡੇ ਲਈ ਕੀ ਨਾਲ ਲੈਕੇ ਆਉਣਾ ਜਰੂਰੀ ਹੈ?

- ਉਚੱਤ ਕਾਨੂੰਨੀ ਦਸਤਾਵੇਜ
- ਵਰਤਮਾਨ ਟੋਰੋਂਟੋ ਪਤੇ ਦੇ ਸਬੂਤ ਵਜੋਂ ਦੋ ਚੀਜਾਂ (ਘਰ ਕਿਰਾਏ ਉੱਤੇ ਲੈਣ ਸੰਬੰਧੀ ਸਮਝੌਤਾ, ਟੇਲੀਫੋਨ ਬਿਲ,ਬੈਂਕ ਸਟੇਟਮੈਂਟ, ਡਰਾਈਵਰ ਲਾਈਸੈਂਸ,ਜਾਂ ਤੁਹਾਡੇ ਵਰਤਮਾਨ ਟੋਰੋਂਟੋ ਪਤੇ ਵਾਲਾ ਸਰਕਾਰੀ ਦਸਤਾਵੇਜ)
- ਜੇ ਉਪਲਬਧ ਹੋਣ,ਵਿਦਿਆਰਥੀ ਦੇ ਪਿਛਲੇ ਸਕੂਲ ਤੋਂ ਸਕੂਲੀ ਦਸਤਾਵੇਜ
- ਜੇ ਉਪਲਬਧ ਹੋਏ, ਇੰਮਿਊਨਾਈਜੇਸ਼ਨ (immunization) ਦਾ ਸਬੂਤ
- ਲੰਚ



## ਟੀ ਡੀ ਐਸ ਬੀ ਦੇ ਨਿਯੂਕਮਰ ਰਿਸੈਪਸ਼ਨ ਸੈਂਟਰ ਕਿਥੇ ਸਥਿਤ ਹਨ?



**ਜੋਰਜਿਜ ਵਾਨਿਅਰ ਰਿਸੈਪਸ਼ਨ ਸੈਂਟਰ**

ਟੇਲੀਫੋਨ: 416-395-9440

3000 ਡੌਨ ਮਿਲਜ ਰੋਡ ਈਸਟ, ਐਮ2ਜੇ 3ਬੀ6

(ਜੋਰਜ ਵਾਨਿਅਰ ਸਿਕੰਡਰੀ ਸਕੂਲ ਵਿੱਚ ਰੂਮ 201 ਦੇ ਅੰਦਰ)

ਫਿੰਚ ਤੋਂ ਦੋ ਟ੍ਰੈਫਿਕ ਲਾਇਟਾਂ ਸਾਊਥ ਜਾਂ ਡੌਨ ਮਿਲਜ ਸਬਵੇ ਸਟੇਸ਼ਨ ਤੋਂ 3 ਬਸ ਸਟਾਪ ਨੋਰਥ। ਇਹ ਲੋਕੇਸ਼ਨ ਟੋਰੋਂਟੋ ਦੇ ਨੋਰਥਈਸਟ ਖੇਤਰ ਵਿਚਲੇ ਸਿਕੰਡਰੀ ਸਕੂਲਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਸੇਵਾ ਕਰਦੀ ਹੈ।





**ਵੈਸਟ ਐਂਡ ਰਿਸੈਪਸ਼ਨ ਸੈਂਟਰ**

ਟੇਲੀਫੋਨ: 416-393-0542

777 ਬਲੂਰ ਸਟ੍ਰੀਟ ਵੈਸਟ, ਐਮ6ਜੀ 1ਐਲ6

(ਬਿਕਫੋਰਡ ਸੈਂਟਰ ਬਿਲਡਿੰਗ ਦੀ ਚੌਥੀ ਮੰਜਲ)

ਕ੍ਰਿਸਟੀ ਸਬਵੇ ਸਟੇਸ਼ਨ ਦੇ ਨੇੜੇ ਬਲੂਰ ਦੇ ਦੱਖਣੀ ਪਾਸੇ।

ਇਹ ਲੋਕੇਸ਼ਨ ਟੋਰੋਂਟੋ ਦੇ ਸਾਊਥਵੈਸਟ ਖੇਤਰ ਵਿਚਲੇ ਸਿਕੰਡਰੀ ਸਕੂਲਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਸੇਵਾ ਕਰਦੀ ਹੈ।

